# ਵਰਲਡ ਪੰਜਾਬੀ ਟਾਈਮਜ਼

## WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 12 ਅਕਤੂਬਰ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ 'ਚ ਗ਼ਜ਼ਲ ਮੰਚ ਦੇ ਸ਼ਾਇਰਾਂ ਨੇ ਨਾਮਵਰ ਸ਼ਾਇਰ ਦਰਸ਼ਨ ਬੁੱਟਰ ਦਾ 72ਵਾਂ ਜਨਮ ਦਿਨ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 12 ਅਕਤੂਬਰ : ਗ਼ਜ਼ਲ ਮੰਚ ਸਰੀ ਵੱਲੋਂ ਭਾਰਤੀ ਸਾਹਿਤ ਅਕੈਡਮੀ ਅਵਾਰਡ ਨਾਲ ਸਨਮਾਨਿਤ ਪੰਜਾਬੀ ਸ਼ਾਇਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਦਾ 72ਵਾਂ ਜਨਮ ਦਿਨ ਮਨਾਇਆ ਗਿਆ। ਸ਼ਾਇਰਾ ਸੁਖਜੀਤ ਹੁੰਦਲ ਦੇ ਸਾਊਥ ਸਰੀ ਸਥਿਤ ਨਿਵਾਸ ਸਥਾਨ 'ਤੇ ਦਰਸ਼ਨ ਬੁੱਟਰ ਦੇ ਮਾਣ ਵਿਚ ਇਕ ਸੰਖੇਪ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਪਾਕਿਸਤਾਨ ਦੀ ਮਹਿਬੂਬ ਪੰਜਾਬੀ ਸ਼ਾਇਰਾ ਤਾਹਿਰਾ ਸਰਾ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਗ਼ਜ਼ਲ ਮੰਚ ਵੱਲੋਂ ਫੁੱਲਾਂ ਦੇ ਗੁਲਦਸਤੇ ਨਾਲ ਦਰਸ਼ਨ ਬੁੱਟਰ ਦਾ ਸਵਾਗਤ ਕੀਤਾ ਗਿਆ। ਦਰਸ਼ਨ ਬੁੱਟਰ ਨੇ 'ਬਰਥ ਡੇ' ਕੇਕ ਕੱਟਿਆ ਅਤੇ ਗ਼ਜ਼ਲ ਮੰਚ ਦੇ ਮੈਂਬਰਾਂ ਨੇ ਉਹਨਾਂ ਨੂੰ ਮੁਬਾਰਕਬਾਦ ਦਿੰਦਿਆਂ ਉਹਨਾਂ ਦੀ ਲੰਬੀ ਅਤੇ ਸਿਹਤਮੰਦ ਜ਼ਿੰਦਗੀ ਦੀ ਕਾਮਨਾ ਕੀਤੀ। ਦਰਸ਼ਨ ਬੁੱਟਰ ਨੇ ਇਸ ਮਾਣ ਸਤਿਕਾਰ ਲਈ ਗ਼ਜ਼ਲ ਮੰਚ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਦਰਸ਼ਨ ਬੁੱਟਰ ਅਤੇ ਤਾਹਿਰਾ ਸਰਾ ਨੇ ਆਪਣੀ ਸ਼ਾਇਰੀ ਰਾਹੀਂ ਜਨਮ ਦਿਨ ਦੀ ਮਹਿਫ਼ਿਲ ਨੂੰ ਹੋਰ ਵੀ ਖੂਬਸੂਰਤ ਬਣਾ ਦਿੱਤਾ। ਦਰਸ਼ਨ ਬੁੱਟਰ ਨੇ ਆਪਣੀਆਂ ਪਿਆਰੀਆਂ ਅਤੇ ਮਕਬੂਲ ਨਜ਼ਮਾਂ-ਭਾਨਾ ਭਾਨੀਮਾਰ, ਘੀਚਰ ਦੀ ਘੀਚੋ, ਸੀਧੇ ਵਾਲੀ ਪਰਚੀ ਅਤੇ ਹੋਰ ਨਜ਼ਮਾਂ ਤੋਂ ਬਾਅਦ ਇਕ ਗੀਤ ਤਰੰਨੁਮ ਪੇਸ਼ ਕਰ ਕੇ ਖੂਬ ਵਾਹ ਵਾਹ ਲੁੱਟੀ। ਤਾਹਿਰਾ ਸਰਾ ਨੇ ਆਪਣੀਆਂ ਬਹੁਤ ਹੀ ਸੰਜੀਦਾ ਗ਼ਜ਼ਲਾਂ ਅਤੇ ਬੋਲੀਆਂ ਨਾਲ ਗ਼ਜ਼ਲ ਮੰਚ ਦੇ ਮੈਂਬਰਾਂ ਨੂੰ ਬਹੁਤ ਪ੍ਰਭਾਵਿਤ ਕੀਤਾ।

ਇਸ ਮੌਕੇ ਗ਼ਜ਼ਲ ਮੰਚ ਦੇ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਦਸ਼ਮੇਸ਼ ਗਿੱਲ ਫ਼ਿਰੋਜ਼, ਸੁਖਜੀਤ ਹੁੰਦਲ ਅਤੇ ਹਰਦਮ ਮਾਨ ਨੇ ਆਪਣੀਆਂ ਗ਼ਜ਼ਲਾਂ ਨਾਲ ਹਾਜਰੀ ਲੁਆਈ। ਇਸ ਮਹਿਫ਼ਿਲ ਦੇ ਹੋਸਟ ਹਰਿੰਦਰ ਹੁੰਦਲ, ਮਿਸਜ ਰਾਜਵੰਤ ਰਾਜ ਅਤੇ ਮਿਸਜ ਦਵਿੰਦਰ ਗੌਤਮ ਨੇ ਵੀ ਸਮੁੱਚੇ ਪ੍ਰੋਗਰਾਮ ਦਾ ਆਨੰਦ ਮਾਣਿਆ।

## ਭਾਰਤ ਅਨੇਕਤਾ ਵਿੱਚ ਏਕਤਾ ਦਾ ਸੁੰਦਰ ਮੁਜੱਸਮਾ ਹੈ- ਸ਼੍ਰੀ ਗੁਲਾਬ ਚੰਦ ਕਟਾਰੀਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 12 ਅਕਤੂਬਰ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਖੇ ਡਾਇਰੈਕਟੋਰੇਟ ਵਿਦਿਆਰਥੀ ਭਲਾਈ, ਪੰਜਾਬ ਲੋਕਧਾਰਾ ਅਕੈਡਮੀ ਅਤੇ ਡਾ. ਸੁਰਜੀਤ ਪਾਤਰ ਚੇਅਰ ਵਲੋਂ ਭਾਸ਼ਾ ਵਿਗਿਆਨ ਅਤੇ ਲੋਕਧਾਰਾ ਕਾਨਫਰੰਸ ਅੱਜ ਸੰਪੰਨ ਹੋ ਗਈ। ਰਾਸ਼ਟਰ ਦੀ ਸਿਰਜਣਾ ਅਤੇ ਸਿੱਖਿਆ ਲਈ ਲੋਕਧਾਰਾ, ਭਾਸ਼ਾ ਅਤੇ ਸੱਭਿਆਚਾਰ ਦੀ ਭੂਮਿਕਾ ਕੌਮੀ ਸਿੱਖਿਆ ਨੀਤੀ ਦੇ ਉਦੇਸ਼ ਨਾਲ ਕਰਵਾਈ ਇਸ ਕਾਨਫਰੰਸ ਵਿੱਚ ਭਾਰਤੀ ਭਾਸ਼ਾ ਸੰਸਥਾਨ, ਮੈਸੂਰ, ਸਿੱਖਿਆ ਮੰਤਰਾਲਾ , ਭਾਰਤ ਸਰਕਾਰ ਅਤੇ ਪੰਜਾਬੀ ਭਾਸ਼ਾ ਵਿਗਿਆਨ ਸੰਸਥਾ, ਪਟਿਆਲਾ, ਸਭਿਆਚਾਰ ਮੰਤਰਾਲਾ, ਭਾਰਤ ਸਰਕਾਰ ਨੇ ਵਿਸ਼ੇਸ਼ ਸਹਿਯੋਗ ਪ੍ਰਦਾਨ ਕੀਤਾ। ਅੱਜ ਦੇ ਸਮਾਪਤੀ ਸਮਾਰੋਹ ਵਿੱਚ ਸ਼੍ਰੀ ਗੁਲਾਬ ਚੰਦ ਕਟਾਰੀਆ, ਮਾਣਯੋਗ ਗਵਰਨਰ , ਪੰਜਾਬ ਮੁੱਖ ਮਹਿਮਾਨ ਵਜੋਂ, ਇੰਜ. ਜਸਵੰਤ ਜ਼ਫ਼ਰ, ਨਿਰਦੇਸ਼ਕ, ਭਾਸ਼ਾ ਵਿਭਾਗ , ਪੰਜਾਬ ਅਤੇ ਸ੍ਰ. ਹਰਪ੍ਰੀਤ ਸਿੰਘ ਸੰਧੂ, ਰਾਜ ਸੂਚਨਾ ਕਮਿਸ਼ਨਰ, ਪੰਜਾਬ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਰੋਹ ਦੀ ਪ੍ਰਧਾਨਗੀ ਡਾ. ਸਤਿਬੀਰ ਸਿੰਘ ਗੋਸਲ, ਵਾਈਸ ਚਾਂਸਲਰ , ਪੀ.ਏ.ਯੂ. ਨੇ ਕੀਤੀ। ਇਸ ਮੌਕੇ ਯੂਨੀਵਰਸਿਟੀ ਦੇ ਸਮੂਹ ਡੀਨਜ਼, ਡਾਇਰੈਕਟਰਜ਼ ਅਤੇ ਹੋਰ ਉੱਚ ਅਧਿਕਾਰੀ ਵਿਸ਼ੇਸ਼ ਤੋਰ ਤੇ ਸ਼ਾਮਲ ਹੋਏ।

ਦੇਸ਼ ਭਰ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ , ਕਾਲਜਾਂ ਅਤੇ ਹੋਰ ਵਿਦਿਅਕ ਸੰਸਥਾਵਾਂ ਤੋਂ ਸ਼ਿਰਕਤ ਕਰ ਰਹੇ ਬੁੱਧੀਜੀਵੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਭਾਰਤ ਅਨੇਕਤਾ ਵਿੱਚ ਏਕਤਾ ਦਾ ਸੁੰਦਰ ਮੁਜੱਸਮਾ ਹੈ। ਉਨਾਂ ਕਿਹਾ ਕਿ ਭਾਰਤ ਪਹਿਲਾ ਦੇਸ਼ ਹੈ, ਜਿੱਥੇ 22 ਭਾਸ਼ਾਵਾਂ ਅਤੇ ਲਗਭਗ 20,000 ਤੋਂ ਵੱਧ ਉਪ-ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਸਾਡੇ ਸੂਬਿਆਂ ਦੀ ਲੋਕਧਾਰਾ ਵਿਚ ਵੀ ਵਿਭਿੰਨਤਾ ਹੈ ਪਰ ਏਕ ਭਾਰਤ ਸ਼੍ਰੇਸ਼ਠ ਭਾਰਤ ਹੋਣ ਕਰਕੇ ਦੇਸ਼ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨੂੰ ਸਮਝਣ ਲਈ ਸਾਨੂੰ ਸਥਾਨਕ ਭਾਸ਼ਾਵਾਂ ਵਿੱਚ ਲੋਕਧਾਰਾ ਨੂੰ ਅਨੁਵਾਦ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਲੋਕ ਕਥਾਵਾਂ ਵਿੱਚ ਸਾਡੀ ਸੰਸਕ੍ਰਿਤੀ ਜਿਉਂਦੀ ਹੈ, ਲੋਕ ਗੀਤਾਂ ਵਿਚ ਅਸੀਂ ਆਪਣੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੇ ਹਾਂ, ਲੋਕ- ਨਾਚਾਂ ਰਾਹੀਂ ਅਸੀ ਆਪਣੀਆਂ ਖੁਸ਼ੀਆਂ ਜ਼ਾਹਿਰ ਕਰਦੇ ਹਾਂ ਅਤੇ ਇਹ ਪ੍ਰੰਪਰਾ ਪੀੜ੍ਹੀ ਦਰ ਪੀੜ੍ਹੀ ਚੱਲੀ ਆ ਰਹੀ ਹੈ। ਪੰਜਾਬੀ ਭਾਸ਼ਾ ਦੀ ਬਹਿਤਰੀ ਲਈ ਪੀਏਯੂ ਦੀ ਭੂਮਿਕਾ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇਥੋਂ ਦੇ ਖੇਤੀ ਵਿਗਿਆਨੀਆਂ ਨੇ ਸਿਰਫ ਫਸਲਾਂ ਦੀਆਂ ਨਵੀਆਂ ਕਿਸਮਾਂ ਦਾ ਉਤਪਾਦਨ ਅਤੇ ਸੁਰੱਖਿਆ ਤਕਨੀਕਾਂ ਦੀ ਖੋਜ ਕਰਕੇ ਹਰੀ ਕ੍ਰਾਂਤੀ ਲਿਆ ਕੇ ਦੇਸ਼ ਦੇ ਅੰਨ ਭੰਡਾਰ ਨੂੰ ਹੀ ਭਰਪੂਰ ਨਹੀਂ ਕੀਤਾ ਬਲਕਿ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੀ ਸਾਂਭ-ਸੰਭਾਲ ਵਿੱਚ ਵੀ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਜਰਖੇਜ਼ ਧਰਤੀ ਹੈ ਅਤੇ ਇੱਥੋਂ ਦੇ ਮਿਹਨਤਕਸ਼ ਕਿਸਾਨ ਹਰ ਚੁਣੌਤੀ ਦਾ ਡੱਟ ਕੇ ਮੁਕਾਬਲਾ ਕਰਨ ਲਈ ਹਮੇਸ਼ਾ ਤਿਆਰ ਬਰ ਤਿਆਰ ਰਹਿੰਦੇ ਹਨ ਅਤੇ ਗੁਰੂਆ, ਪੀਰਾਂ , ਫਕੀਰਾਂ ਦੇ ਬਲਿਦਾਨਾਂ ਨਾਲ ਸਿੰਜੀ ਇਹ ਧਰਤੀ ਅਨਮੋਲ ਵਿਰਾਸਤ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ।

ਨਵੀਂ ਸਿੱਖਿਆ ਨੀਤੀ ਬਾਰੇ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਵਿਚਾਰਾਂ ਦੀ ਸਾਂਝ ਪਾਉਂਦਿਆ ਉਨ੍ਹਾਂ ਕਿਹਾ ਕਿ ਐਲੀਮੈਂਟਰੀ ਸਿੱਖਿਆ ਆਪਣੀ ਸਥਾਨਕ ਭਾਸ਼ਾ ਵਿੱਚ ਹੀ ਪ੍ਰਦਾਨ ਕਰਨੀ ਚਾਹੀਦੀ ਹੈ।

ਇਸ ਮੌਕੇ ਡਾ. ਸਤਿਬੀਰ ਸਿੰਘ ਗੋਸਲ ਨੇ ਕਿਹਾ ਕਿ ਖੇਤੀਬਾੜੀ ਦੇ ਨਾਲ ਨਾਲ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਸਾਂਭ ਸੰਭਾਲ ਵਿੱਚ ਵੀ ਯੂਨੀਵਰਸਿਟੀ ਆਪਣਾ ਅਹਿਮ ਯੋਗਦਾਨ ਪਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਯੂਨੀਵਰਸਿਟੀ ਨੂੰ ਕਈ ਉੱਘੇ ਕਵੀ, ਬੁੱਧੀਜੀਵੀ ਅਤੇ ਕਲਾਕਾਰ ਮਾਂ ਬੋਲੀ ਪੰਜਾਬੀ ਦੀ ਝੋਲੀ ਵਿੱਚ ਪਾਉਣ ਦਾ ਮਾਣ ਹਾਸਲ ਹੈ, ਜਿਨ੍ਹਾਂ ਨੇ ਵਿਸ਼ਵ ਭਰ ਵਿੱਚ ਪੰਜਾਬ , ਪੰਜਾਬੀ ਅਤੇ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ। ਯੂਨੀਵਰਸਿਟੀ ਵਿੱਚ ਮੌਜੂਦ ਪੰਜਾਬ ਦੇ ਪੇਂਡੂ ਸੱਭਿਆਚਾਰ ਦੀ ਅਦਭੁੱਤ ਝਾਕੀ ਪੇਸ਼ ਕਰਦੇ ਅਜਾਇਬ ਘਰ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਪੰਜਾਬ ਦੇ ਅਨਮੋਲ ਖਜਾਨੇ ਦੀ ਵਿਰਾਸਤ ਸਾਂਭੀ ਬੈਠੇ ਇਸ ਅਜੂਬੇ ਨੂੰ ਦੇਖਣ ਲਈ ਦੁਨੀਆਂ ਭਰ ਦੇ ਲੋਕ ਇੱਥੇ ਆਉਂਦੇ ਹਨ।

ਸਮਾਜ ਦੀ ਸਿਰਜਣਾ ਵਿੱਚ ਖੇਤਰੀ ਭਾਸ਼ਾਵਾਂ ਅਤੇ ਲੋਕਧਾਰਾ ਦੇ ਯੋਗਦਾਨ ਬਾਰੇ ਉਨ੍ਹਾਂ ਕਿਹਾ ਕਿ ਲੋਕ ਸਾਹਿਤ ਸਾਨੂੰ ਆਪਣੀਆਂ ਜੜ੍ਹਾਂ ਨਾਲ ਜੋੜੀ ਰੱਖਦਾ ਹੈ, ਜਿਸ ਤੋਂ ਨਾ ਕੇਵਲ ਸਾਡਾ ਬੌਧਿਕ ਵਿਕਾਸ ਹੀ ਹੁੰਦਾ ਹੈ, ਸਗੋਂ ਜ਼ਿੰਦਗੀ ਨੂੰ ਚਾਅ ਨਾਲ ਜਿਉਣ ਦਾ ਇੱਕ ਜਜ਼ਬਾ ਵੀ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੀੜ੍ਹੀ ਦਰ ਪੀੜ੍ਹੀ ਚੱਲਣ ਵਾਲਾ ਲੋਕਧਾਰਾ ਦਾ ਇਹ ਪ੍ਰਵਾਹ ਸਾਡਾ ਮਾਰਗ ਦਰਸ਼ਕ ਬਣਦਾ ਹੈ, ਜਿਸ ਨਾਲ ਨਵੇਂ ਅਤੇ ਵਿਕਸਤ ਸਮਾਜ ਦੀ ਸਿਰਜਣਾ ਕਰਨ ਵਿੱਚ ਮੱਦਦ ਮਿਲਦੀ ਹੈ। ਡਾ. ਸੁਰਜੀਤ ਪਾਤਰ ਦੀ ਨਿੱਘੀ ਯਾਦ ਨੂੰ ਸਮਰਪਿਤ ਇਸ ਕਾਨਫਰੰਸ ਵਿਚਲੇ ਵਿਚਾਰ ਵਟਾਂਦਰਿਆਂ ਤੋਂ ਨਵੀਆਂ ਪਿਰਤਾਂ ਪੈਣ ਦੀ ਆਸ ਪ੍ਰਗਟ ਕਰਦਿਆਂ ਉਨ੍ਹਾਂ ਇਨ੍ਹਾਂ ਵਿਚਲੇ ਨਿਸ਼ਕਰਸ਼ਾਂ ਨੂੰ ਵਿਦਿਆਰਥੀਆਂ ਅਤੇ ਆਉਣ ਵਾਲੀਆਂ ਪੀੜੀਆਂ ਤੱਕ ਪਹੁੰਚਾਉਣ ਦੀ ਉਮੀਦ ਪ੍ਰਗਟ ਕੀਤੀ।

ਆਪਣੇ ਕੁੰਜੀਵਤ ਭਾਸ਼ਣ ਵਿੱਚ ਡਾ. ਜੀ. ਕੇ. ਪਾਨੀਕਰ, ਡੀਨ, ਦ੍ਰਾਵਿੜ ਭਾਸ਼ਾਵਾਂ ਨੇ ਲੋਕਧਾਰਾ ਦੇ ਪਿਛੋਕੜ ਅਤੇ ਇਸ ਦੀ ਸੀਮਾ ਅਤੇ ਸੰਭਾਵਨਾਵਾਂ ਬਾਰੇ ਜਾਣਕਾਰੀ ਦਿੱਤੀ। ਲੋਕਧਾਰਾ ਨੂੰ ਖੇਤੀਬਾੜੀ ਦੀ ਰੀੜ ਦੀ ਹੱਡੀ ਦਸਦਿਆਂ ਉਨ੍ਹਾਂ ਨੇ ਇਨ੍ਹਾਂ ਦੇ ਅਨਿੱਖੜਵੇਂ ਸੰਬੰਧਾਂ ਤੇ ਰੋਸ਼ਨੀ ਪਾਈ। ਮਿੱਥ ਕਥਾਵਾਂ ਨੂੰ ਲੋਕਧਾਰਾ ਦਾ ਸਭ ਤੋਂ ਅਮੀਰ ਸੋਮਾ ਮੰਨਦਿਆਂ ਉਨ੍ਹਾਂ ਕਿਹਾ ਕਿ ਸਮਾਜ ਨੂੰ ਸਿਰਜਣ ਅਤੇ ਦਿਸ਼ਾ ਨਿਰਦੇਸ਼ ਦੇਣ ਵਿੱਚ ਇਨ੍ਹਾਂ ਦਾ ਵੱਡਾ ਯੋਗਦਾਨ ਰਹਿੰਦਾ ਹੈ।

ਦੇਸ਼ ਦੀ ਨਵੀਂ ਸਿੱਖਿਆ ਨੀਤੀ ਵਿੱਚ ਸਥਾਨਕ ਭਾਸ਼ਾ ਦੇ ਮਹੱਤਵ ਦੀ ਸ਼ਲਾਘਾ ਕਰਦਿਆਂ ਇੰਜ. ਜਸਵੰਤ ਜ਼ਫ਼ਰ ਨੇ ਕਿਹਾ ਕਿ ਗਿਆਨ ਵਿਗਿਆਨ ਦੀ ਸਿੱਖਿਆ ਦਾ ਸਥਾਨਕ ਭਾਸ਼ਾਵਾਂ ਵਿੱਚ ਹੋਣਾ ਬਹੁਤ ਜਰੂਰੀ ਹੈ। ਉਨ੍ਹਾਂ ਕਿਹਾ ਕਿ ਬਿਗਾਨੀ ਬੋਲੀ ਨਾਲ ਅਸੀਂ ਹੰਢਣਸਾਰ ਤਰੱਕੀ ਨਹੀਂ ਕਰ ਸਕਦੇ, ਇਸ ਲਈ ਸਾਨੂੰ ਆਪਣੀ ਬੋਲੀ ਤੇ ਹੀ ਮਾਣ ਮਹਿਸੂਸ ਕਰਨਾ ਚਾਹੀਦਾ ਹੈ, ਜਿਸ ਨੂੰ ਕਿ ਅਸੀਂ ਸਹਿਜ ਸੁਭਾਅ ਗ੍ਰਹਿਣ ਕਰਦੇ ਹਾਂ ਅਤੇ ਇਸਨੂੰ ਸਿੱਖਣ ਦੀ ਲੋੜ ਨਹੀਂ ਪੈਂਦੀ।

ਇਸ ਮੌਕੇ ਡਾ. ਜਗਦੀਸ਼ ਕੌਰ, ਡਾ. ਰੱਖਪ੍ਰੀਤ ਵਾਲੀਆ ਅਤੇ ਡਾ. ਰਣਜੀਤ ਕੋਰ ਵਲੋਂ ਸੰਪਾਦਿਤ ਕੀਤਾ ਗਿਆ ਸੋਵੀਨਰ ਵੀ ਜਾਰੀ ਕੀਤਾ ਗਿਆ।

ਇਸ ਮੌਕੇ ਡਾ. ਗੁਲਾਬ ਚੰਦ ਕਟਾਰੀਆ, ਮਾਣਯੋਗ ਗਵਰਨਰ , ਪੰਜਾਬ , ਡਾ. ਸਤਿਬੀਰ ਸਿੰਘ ਗੋਸਲ, ਵਾਈਸ ਚਾਂਸਲਰ, ਪੀ.ਏ.ਯੂ, ਸ਼੍ਰੀ ਹਰਪ੍ਰੀਤ ਸੰਧੂ, ਰਾਜ ਸੂਚਨਾ ਕਮਿਸ਼ਨਰ, ਪੰਜਾਬ , ਇੰਜ. ਜਸਵੰਤ ਜ਼ਫ਼ਰ, ਨਿਰਦੇਸ਼ਕ ਭਾਸ਼ਾ ਵਿਭਾਗ, ਪੰਜਾਬ, ਡਾ. ਜੀ.ਕੇ. ਪਾਨੀਕਰ, ਡੀਨ. ਦ੍ਰਾਵਿੜ ਭਾਸ਼ਾਵਾਂ, ਡਾ.ਐਮ.ਜੇ. ਵਰਸੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਡਾ. ਕਿਰਨ ਬੈਂਸ. ਡੀਨ. ਬੇਸਿਕ ਸਾਇੰਸਜ਼ ਅਤੇ ਹਿਉਮੈਨੀਟੀਜ਼ ਕਾਲਜ, ਡਾ. ਨਿਰਮਲ ਜੋੜਾ, ਨਿਰਦੇਸ਼ਕ ਵਿਦਿਆਰਥੀ ਭਲਾਈ, ਪੀ.ਏ.ਯੂ. ਅਤੇ ਸ੍ਰੀ ਮਤੀ ਮੈਦਾਨ, ਜਿਲ੍ਹਾ ਸਿੱਖਿਆ ਅਫਸਰ ਦਾ ਵਿਸ਼ੇਸ਼ ਤੋਰ ਤੇ ਸਨਮਾਨ ਕੀਤਾ ਗਿਆ। ਧੰਨਵਾਦ ਦੇ ਸ਼ਬਦ ਕਹਿੰਦਿਆਂ ਡਾ. ਨਿਰਮਲ ਜੋੜਾ , ਨਿਰਦੇਸ਼ਕ ਵਿਦਿਆਰਥੀ ਭਲਾਈ ਨੇ ਦੱਸਿਆ ਕਿ ਪੀ.ਏ.ਯੂ. ਵੱਲੋਂ ਖੇਤੀ ਪਸਾਰ ਦਾ ਸਮੁੱਚਾ ਕਾਰਜ ਪੰਜਾਬੀ ਭਾਸ਼ਾ ਵਿਚ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਦੇ ਸੰਚਾਰ ਕੇਂਦਰ ਵਲੋਂ ਖੇਤੀ ਸੰਬੰਧਤ ਪੁਸਤਕਾਂ ਅਤੇ ਰਸਾਲੇ ਪੰਜਾਬੀ ਭਾਸ਼ਾ ਵਿਚ ਕਿਸਾਨਾਂ ਤੱਕ ਪਹੁੰਚਾਏ ਜਾਂਦੇ ਹਨ ਅਤੇ ਯੂਟਿਊਬ ਚੈਨਲਾਂ ਅਤੇ ਫੇਸਬੁੱਕ ਲਾਈਵ ਪ੍ਰੋਗਰਾਮ ਵਿਚ ਖੇਤੀ ਵਿਗਿਆਨੀ ਸਥਾਨਕ ਭਾਸ਼ਾ ਵਿਚ ਸਲਾਹ-ਮਸ਼ਵਰੇ ਸਾਂਝੇ ਕਰਦੇ ਹਨ। ਉਨ੍ਹਾਂ ਦੱਸਿਆ ਕਿ ਪੀ.ਏ.ਯੂ. ਦੇ ਪੇਂਡੂ ਸੱਭਿਆਚਾਰ ਦੇ ਅਜਾਇਬ ਘਰ ਵਿਚ 18 ਵੀਂ ਸਦੀ ਦਾ ਪੰਜਾਬ ਜਿਉਂਦਾ ਜਾਗਦਾ ਮਿਲਦਾ ਹੈ।

ਮੰਚ ਸੰਚਾਲਨ ਡਾ. ਸੁਮੇਧਾ ਭੰਡਾਰੀ ਨੇ ਕੀਤਾ।

## ਮਾਰੀਆ ਕੋਰੀਨਾ ਮਸਾਡੋ ਨੂੰ ਮਿਲਿਆ 2025 ਦਾ ਨੋਬਲ ਸ਼ਾਂਤੀ ਇਨਾਮ

### ਮਨੁੱਖੀ ਅਜ਼ਾਦੀ,ਸਮਾਨਤਾ ਅਤੇ ਹਕਾਂ ਦੀ ਬਰਾਬਰੀ ਨਾਲ ਜੁੜੇ ਸਰੋਕਾਰਾਂ ਲਈ ਜੂਝਣਾ ਸੰਗਰਾਮੀ ਯੋਧਿਆਂ ਲਈ ਹਮੇਸ਼ਾਂ ਚਣੌਤੀਆਂ ਭਰਭੂਰ ਰਿਹਾ ਹੈ ।

ਵਰਲਡ ਪੰਜਾਬੀ ਟਾਈਮਜ਼

ਅਮਰੀਕਾ 12 ਅਕਤੂਬਰ : 1967 ਚ ਪੈਦਾ ਹੋਈ ਮਾਰੀਆ ਮਸਾਡੋ ,ਲਾਤੀਨੀ ਅਮਰੀਕਾ ਦੇ ਵੈਨਜ਼ੂਵੇਲਾ ਦੇਸ਼ ਵਿਚ ਲੋਕਤੰਤਰ ਨੂੰ ਮਜ਼ਬੂਤ ਕਰਨ ਵਿਚ ਵਰਿਆਂ ਤੋਂ ਆਪਣੀ ਜੀ-ਜਾਨ ਖਤਰੇ ਵਿਚ ਪਾ ਕੇ ਸੰਘਰਸ਼ ਕਰ ਰਹੀ ਹੈ। ਵਿਸ਼ਵ ਪ੍ਰਸਿਧ ਯੇਲ ਯੂਨੀਵਰਸਟੀ ਨਿਊ ਹੇਵਨ,ਅਮਰੀਕਾ ਤੋਂ ਉਚ ਸਿੱਖਿਆ ਪ੍ਰਾਪਤ ਮਾਰੀਆ, ਵੈਨਜ਼ੂਵੇਲਾ ਦੀ ਤਾਨਾਸ਼ਾਹ ਹਕੂਮਤ ਵਿਰੁੱਧ ਸਾਰੀਆਂ ਵਿਰੋਧੀ ਧਿਰਾਂ ਨੂੰ ਇਕਠਿਆਂ ਕਰਕੇ ਅਜ਼ਾਦ ਚੋਣਾਂ ਕਰਾ ਕੇ ਲੋਕ ਪ੍ਰਤੀਨਿਧ ਸਰਕਾਰ ਬਨਾਉਣ ਲਈ ਲੰਮੇ ਸਮੇਂ ਤੋਂ ਜ਼ਿਹਾਦ ਵਿਢੀ ਆ ਰਹੀ ਹੈ। ਆਪਣੇ ਦੇਸ਼ ਦੇ ਤਾਨਾਸ਼ਾਹ ਰਾਜ- ਪ੍ਰਬੰਧ ਦੀਆਂ ਜੜਾਂ ਵਿਚ ਤੇਲ ਦੇਣ ਦਾ ਕੰਮ ਓਦੋਂ ਕੀਤਾਂ ਜਦ 2024 ਵਿਚ ਓਹ ਸਾਰੀਆਂ ਵਿਰੋਧੀ ਧਿਰਾਂ ਵਲੋਂ ਓਥੋਂ ਦੇ ਤਾਨਾਸ਼ਾਹ ਨਿਕੋਲਸ ਮਾਡੂਰੋ(Nicholas Moduro)ਵਿਰੁਧ ਲਿਬਰਲ ਪਾਰਟੀ ਵਲੋਂ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰ ਬਣ ਗਈ। ਤਾਨਾਸ਼ਾਹ ਹਕੂਮਤ ਨੇ ਓਸਦੇ ਉਮੀਦਵਾਰੀ ਕਾਗਜ਼ ਰਦ ਕਰਵਾਕੇ ਮਾਰੀਆ ਤੇ ਬੇਤਹਾਸ਼ਾ ਸਰਕਾਰੀ ਤਸ਼ੱਦਦ ਢਾਹਿਆ। ਦੇਸ਼ ਦੇ ਲੋਕਤੰਤਰ ਨੂੰ ਬਚਾਉਣ ਲਈ ਪਿਛਲੇ 14 ਮਹੀਨਿਆਂ ਤੋਂ ਲੁਕ ਛਿਪ ਕੇ ਤਾਨਾਸ਼ਾਹ ਹਕੂਮਤ ਨੂੰ ਹਮੇਸ਼ਾਂ ਲਈ ਦਫਨ ਕਰਨ ਦੀਆਂ ਵਿਊਂਤਾ ਵਿਚ ਮਾਰੀਆ ਨੂੰ ਅੰਡਰਗਰਾਊਂਡ ਹੋਣਾ ਪਿਆ ਹੈ। ਸਾਰੇ ਲੋਕਤੰਤਰ ਦੇਸ਼ਾਂ ਦੇ ਲੋਕਾਂ ਵਲੋਂ ਮਾਰੀਆ ਨੂੰ ਦਿਤੇ







ਗਏ ਨੋਬਲ ਪੁਰਸਕਾਰ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ।ਓਧਰ ਅਮਰੀਕਾ ਦਾ ਪ੍ਰਧਾਨ ਜਿਹੜਾ ਖੁਦ ਨਸਲਵਾਦ ਨੂੰ ਹਵਾ ਦਿੰਦਾ ਰਿਹਾ ਅਤੇ ਦੁਨੀਆਂ ਦੇ ਵਖ ਵਖ ਹਿਸਿਆਂ ਵਿਚ ਚਲ ਰਹੇ ਯੁੱਧਾਂ ਨੂੰ ਰੋਕਣ ਦਾ ਆਪਣਾ ਸਵੈ- ਹਾਸਲ ਦਰਸਾ ਕੇ ਖੁਦ ਸ਼ਾਤੀ ਪੁਰਸਕਾਰ ਲੈਣ ਲਈ ਉਚੀ ਅਵਾਜ ਵਿਚ ਰੌਲਾ ਪਾ ਰਿਹਾ ਸੀ ,ਧਰਿਆ ਧਰਾਇਆ ਰਹਿ ਗਿਆ। ਖਾਹ ਮੁਖਾਹ ਇੰਡੋ ਪਾਕ ਯੁੱਧ ਬੰਦੀ ਦਾ ਸਿਹਰਾ ,ਫੇਰ ਇਜਰਾਇਲ-ਗਾਜਾ ਘਮਸਾਨ ਦਾ ਨਬੇੜਾ ਅਤੇ ਯੂਕਰੇਨ-ਰੂਸ ਯੁਧ ਖਤਮ ਕਰਨ ਦਾ ਢੰਡੋਰਾ ਪਿਟਣ ਵਾਲਾ ਟਰੰਪ ,ਵਾਸਤਿਵ ਵਿਚ ਦੁਨੀਆਂ ਚ ਆਰਥਿਕ ਨੀਤੀਆਂ ਅਤੇ ਟੈਰਿਫ ਦਾ ਘਚੋਲਾ ਪਾ ਕੇ ਅਸ਼ਾਂਤੀ ਪੈਦਾ ਕਰ ਰਿਹਾ ਹੈ। ਭਾਵੇਂ ਰੂਸ ਵਲੋਂ ਵੀ ਟਰੰਪ ਦੀ ਸ਼ਾਤੀ ਇਨਾਮ ਲਈ ਹੋਈ ਨਾਮਜ਼ਦਗੀ ਦੀ ਹਮਾਇਤ ਕੀਤੀ ਗਈ ਪਰ ਇਕ ਲਖ ਫਲਸਤੀਨੀਆਂ ਦਾ ਡੁਲਿਆ ਖੂਨ ਅਤੇ ਯੂਕਰੇਨ ਦੀਆਂ ਬਹਾਦਰ ਸ਼ਹੀਦ ਔਰਤਾਂ ਅਤੇ ਬਚਿਆਂ ਦੀਆਂ ਰੂਹਾਂ ਅਮਰੀਕਾ ਨੂੰ ਫਟਕਾਰ ਮਾਰ ਰਹੀਆਂ ਹਨ। ਵਿਸ਼ਵ ਦੇ ਵਖ ਵਖ ਹਿਸਿਆਂ ਵਿਚ ਲੋਕ ਪਖੀ ਤਾਕਤਾਂ ਅਤੇ ਅਮਨ ਨੂੰ ਤਕੜਾ ਕਰਨ ਦੀ ਥਾਂ ਡੋਨਾਲਡ ਟਰੰਪ ਆਪਣੇ ਸਵਾਰਥਾਂ ਦੀ ਪੂਰਤੀ ਲਈ ਪਾਕਿਸਤਾਨ ਵਰਗੀਆਂ ਗੈਰ ਜਮਹੂਰੀ ਸਰਕਾਰਾਂ ਦੇ ਫੌਜੀ ਅਫਸਰਾਂ ਨੂੰ ਨਿਊਤਾ ਦੇ ਕੇ ਆਪਣੇ ਰਵਾਇਤੀ ਅਤੇ ਇਤਿਹਾਸਕ ਲੋਕਤੰਤਰ ਨੂੰ ਲੋਕ ਮਨਾਂ ਤੋਂ ਦੂਰ ਲਿਜਾਣ ਵਲ ਕਦਮ ਚੁਕ ਰਿਹਾ ਹੈ।

10 ਅਕਤੂਬਰ ਨੂੰ ਨੌਰਵੇਜੀਅਨ ਨੋਬੇਲ ਇੰਸਟੀਚਿਊਟ ਵਲੋਂ ਕੀਤੇ ਐਲਾਨ ਮੁਤਾਬਕ ਲੋਕਤੰਤਰ ਨੂੰ ਜਿਊਂਦਾ ਰਖਣ ਅਤੇ ਮਾਨਵੀ ਅਧਿਕਾਰਾਂ ਨੂੰ ਬਚਾਓਣ ਲਈ ਜਿੰਦ ਜਾਨ ਲਗਾਓਣ ਵਾਲੀ ਲੋਕ ਨਾਇਕਾ ਮਾਰੀਆ ਕੋਰੀਨਾ ਮਸ਼ਾਡੋ ਨੋਬਲ ਸ਼ਾਤੀ ਪੁਰਸਕਾਰ ਦੇ ਇਤਿਹਾਸ ਵਿਚ ਵੀਹਵੀਂ ਔਰਤ ਬਣੀ ਹੈ। ਐਲਾਨ ਤੋਂ ਪਹਿਲਾਂ ਜਦ ਕਮੇਟੀ ਨੇ ਮਾਰੀਆ ਨੂੰ ਦਸਿਆ ਤਾਂ ਓਹ ਭਾਵਕ ਹੋ ਕੇ ਬੋਲੀ ਕਿ ਅਸੀਂ ਆਪਣੀ ਜਾਨ ਵਾਰ ਕੇ ਵੀ ਲੋਕਤੰਤਰ ਦੇ ਸੂਰਜ ਨੂੰ ਡੁੱਬਣ ਨਹੀਂ ਦਿਆਂਗੇ। ਕਮੇਟੀ ਨੇ ਲਿਖਿਆ ਹੈ " ਮਾਰੀਆ ਵਲੋਂ ਆਪਣੇ ਵੈਨਜ਼ੂਵੇਲਾ ਦੇਸ਼ ਦੇ ਤਾਨਾਸ਼ਾਹ ਅਤੇ ਗੈਰ ਪ੍ਰਤੀਨਿਧ ਸਰਕਾਰ ਵਿਰੁਧ ਲੰਮੇ ਸਮੇਂ ਤੋਂ ਚਲਾਏ ਜਾ ਰਹੇ ਸੰਘਰਸ਼ ਅਤੇ ਲੋਕਤੰਤਰ ਨੂੰ ਬਚਾਉਣ ਲਈ ਵਿਢੇ ਲੋਕ -ਘੋਲ ਵਿਚ ਪਾਏ ਯੋਗਦਾਨ ਦੀ ਪ੍ਰਸ਼ੰਸਾ ਕਰਨਾ ਬਣਦੀ ਹੈ"।

ਦੋ ਸਾਲ ਪਹਿਲਾਂ ਈਰਾਨ ਦੀ ਨਰਗਿਸੀ ਮੁਹੰਮਦੀ ਨੂੰ ਜੇਲ ਵਿਚ ਬੈਠੀ ਨੂੰ ਨੋਬਲ ਸ਼ਾਂਤੀ ਪੁਰਸਕਾਰ ਦਿਤਾ ਗਿਆ ਸੀ।ਇਰਾਨ ਦੀ ਮਜ਼ਬੀ ਕਟੜਪੰਥੀ ਸਰਕਾਰ ਵਲੋਂ ਆਪਣੀ ਜਿਸ ਇੰਜੀਨੀਅਰ ਅਤੇ ਭੌਤਿਕ ਵਗਿਆਨੀ, ਨਰਗਿਸ ਮੁਹੰਮਦੀ ਨੂੰ 31 ਸਾਲਾਂ ਤੋਂ ਤੇਰਾਂ ਵਾਰ ਨਜ਼ਰਬੰਦ ਕਰਕੇ ਅਤੇ 154 ਕੋਰੜੇ (lashes) ਮਾਰ ਕੇ ਜੇਲ ਵਿਚ ਸੁਟਿਆ ਗਿਆ। ਜਦ ਉਸ ਲਈ ਵਿਸ਼ਵ ਦੇ ਸਭ ਤੋਂ ਉਚੇ ਸ਼ਾਂਤੀ ਪੁਰਸਕਾਰ ਦਾ ਐਲਾਨ ਨੋਬੇਲ ਇਨਾਮ ਕਮੇਟੀ ਵਲੋਂ ਕੀਤਾ ਗਿਆ ਤਾਂ ਪੂਰੀ ਦੁਨੀਆਂ ਵਿਚ ਮਾਨਵੀ ਹਕਾਂ ਤੇ ਪਹਿਰਾ ਦੇਣ ਵਾਲਿਆਂ ਦੇ ਹੌਸਲੇ ਬੁਲੰਦ ਹੋਏ ਸਨ। ਔਰਤਾਂ ਤੇ ਹੋ ਰਹੇ ਤਸ਼ੱਦਦ ,ਮਾਨਵੀ ਅਧਿਕਾਰਾਂ ਅਤੇ ਅਜ਼ਾਦੀ ਲਈ ਜੂਝਣ ਵਾਲੀ ਨਰਗਸੀ ਹੁਣ ਵੀ ਤਹਿਰਾਨ ਜੇਲ ਚ ਬੰਦ ਹੈ। ਸਾਲ 2023 ਵਿਚ ਨੌਰਵੇਜੀਅਨ ਨੋਬੇਲ ਕਮੇਟੀ ਨੇ ਲਿਖਿਆ ਸੀ, "ਮਾਨਵੀ ਹਕਾਂ ਲਈ ਵਿੱਢੀ ਲੰਮੀ ਜਦੋ -ਜਹਿਦ ਵਿਚ ਨਰਗਿਸ ਨੂੰ ਬਹੁਤ ਕੁਝ ਖੋਣਾ ਪਿਆ ਹੈ।ਇਸ ਸਨਮਾਨ ਨਾਲ ਅਸੀਂ ਵਿਸ਼ਵ ਦੇ ਓਨਾਂ ਹਨੇਰੇ ਖਲਾਂ- ਖੂੰਜਿਆਂ ਚ ਵੀ ਸਨੇਹਾ ਭੇਜਣਾ ਚਹੁੰਦੇ ਹਾਂ ਜਿਥੇ ਔਰਤਾਂ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ ਅਤੇ ਮੁਢਲੇ ਮਾਨਵੀ ਹਕਾਂ ਨੂੰ ਕੁਚਲਿਆ ਜਾ ਰਿਹਾ ਹੈ। "

ਇਕੀਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਇਹੋ ਜਿਹਾ ਅਮਾਨਵੀ ਵਰਤਾਰਾ ਓਥੋਂ ਦੇ ਨਿਜ਼ਾਮ ਦੀਆਂ ਜੜਾਂ ਵਿਚ ਤੇਲ ਦੇਣ ਵਾਲਾ ਹੈ। ਜਿਸ ਵੀ ਖਿਤੇ ਵਿਚ ਤਾਨਾਸ਼ਾਹ ਸਰਕਾਰਾਂ ਜਾਂ ਸਮਾਜ ਵਲੋਂ ਇਸ ਤਰਾਂ ਦਾ ਡਰੈਸ ਕੋਡ ਜਾਂ ਸਮਾਜਿਕ ਜਿਓਣਾ ਤਹਿ ਕੀਤਾ ਜਾਵੇਗਾ ਓਥੇ ਮਾਰੀਆ ਅਤੇ ਨਰਗਸ ਮੁਹੰਮਦੀ ਵਰਗੀਆਂ ਬੇਖੌਫ ਅਤੇ ਬਹਾਦਰ ਔਰਤਾਂ ਦਾ ਪੈਦਾ ਹੋਣਾ ਲਾਜ਼ਮੀ ਹੈ।

ਜ਼ੁਲਮ ਅਤੇ ਅਨਿਆਂ ਵਿਰੁਧ ਲੜਣ ਵਾਲੇ ਪੰਜਾਬੀ ਹਮੇਸ਼ਾ ਨਿਰੰਕੁਸ਼ ਅਤੇ ਮੂਲਵਾਦੀ ਰਾਜ ਪ੍ਰਬੰਧਾਂ ਵਿਰੁਧ ਡਟਦੇ ਰਹੇ ਹਨ। ਵੈਨਜ਼ਵੇਲਾ ਦੀ ਨਾਇਕਾ ਮਾਰੀਆ ਮਸ਼ਾਡੋ ਸਾਨੂੰ ਪੰਜਾਬੀਆਂ ਵਰਗੀ ਦਲੇਰ ਔਰਤ ਹੀ ਲਗਦੀ ਹੈ। ਕਿਵੇਂ ਪੰਜਾਬੀਆਂ ਫਰੰਗੀ ਹਕੂਮਤ ਨੂੰ ਖਤਮ ਕਰਨ ਵਿਚ ਗਦਰ ਦੀ ਗੂੰਜ ਅਤੇ ਕਾਲੇ ਪਾਣੀਆਂ ਦੇ ਤਸੀਹੇ ਝਲਦੇ ਸ਼ਹੀਦੀਆਂ ਪਾਓਂਦੇ ਰਹੇ ,ਸਾਨੂੰ ਮਾਰੀਆ ਮਸ਼ਾਡੋ ਅਤੇ ਨਰਗਸ ਮੁਹੰਮਦੀ ਆਪਣੀਆਂ ਧੀਆਂ ਵਾਂਗ ਲਗਦੀਆਂ ਹਨ। ਇੰਨਾਂ ਦੋਹਾਂ ਔਰਤਾਂ ਦੀ ਲੋਕਤੰਤਰ ਅਤੇ ਮਾਨਵੀ ਅਧਿਕਾਰਾਂ ਲਈ ਵਿੱਢੀ ਦਲੇਰਾਨਾ ਜਦੋ ਜਹਿਦ ਦੀ ਭਰਪੂਰ ਪ੍ਰਸ਼ੰਸਾ ਕਰਦੇ ਹੋਏ ਅਜ ਮਾਰੀਆ ਮਸਾਡੋ ਨੂੰ ਮਿਲੇ 2025 ਦੇ ਨੋਬਲ ਸ਼ਾਂਤੀ ਪੁਰਸਕਾਰ ਤੇ ਸਮੂਹ ਪੰਜਾਬੀ ਵਧਾਈ ਵੀ ਦਿੰਦੇ ਹਨ।

## ਲਾਹੌਰ ਅਤੇ ਦਿੱਲੀ ਦੇ ਮਸਲੇ ਹੱਲ ਹੋਣੇ ਚਾਹੀਦੇ ਹਨ — ਡਾ. ਤੇਜਵੰਤ ਮਾਨ

ਵਰਲਡ ਪੰਜਾਬੀ ਟਾਈਮਜ਼ ਗੁਰਨਾਮ ਸਿੰਘ

ਸੰਗਰੂਰ 12 ਅਕਤੂਬਰ : ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਸਮਜਿਕ ਸੰਦਰਭਾਂ ਬਾਰੇ ਗੰਭੀਰ ਸੰਵਾਦ ਰਚਾਉਣ ਲਈ ਪੰਜਾਬੀ ਸਾਹਿਤ ਸਭਾ ਸੰਗਰੂਰ (ਰਜਿ.) ਨੇ ਪੁਸਤਕ ਲੋਕ ਅਰਪਣ ਅਤੇ ਵਿਚਾਰ ਚਰਚਾ ਦਾ ਆਯੋਜਨ ਡਾ. ਤੇਜਵੰਤ ਮਾਨ ਸਾਹਿਤ ਰਤਨ ਦੀ ਪ੍ਰਧਾਨਗੀ ਹੇਠ ਮਾਨਭਵਨ ਸੰਗਰੂਰ ਵਿਖੇ ਕੀਤਾ ਗਿਆ। ਇਸ ਸਮਾਗਮ ਵਿੱਚ ਕੈਨੇਡਾ ਦੇ ਪ੍ਰੌੜ ਅਤੇ ਪ੍ਰਸਿੱਧ ਸਹਿਤਕਾਰ



ਸੁਰਿੰਦਰ ਸਿੰਘ ਜੱਬਲ ਦੀ ਪੁਸਤਕ "ਵਿਰਾਸਤ ਦੇ ਰੂਬਰੂ" ਕਾਵਿ ਸੰਗ੍ਰਹਿ ਲੋਕ ਅਰਪਣ ਕੀਤਾ ਗਿਆ। ਡਾ. ਤੇਜਵੰਤ ਮਾਨ ਨੇ ਕਿਹਾ ਕਿ ਇਹ ਪੁਸਤਕ ਪੰਜਾਬੀ ਕੋਮੀਅਤ ਦੇ ਪ੍ਰਸੰਗ ਵਿੱਚ ਅਜੋਕੇ ਸਮੇਂ ਲਾਹੌਰ ਤੇ ਦਿੱਲੀ ਦੇ ਉਲਝੇ ਮਸਲਿਆਂ ਬਾਰੇ ਬਾਹਰਮੁਖੀ ਸੰਵਾਦ ਰਚਾਉਂਦੀ ਹੈ ਇਸ ਪੁਸਤਕ ਦੀਆਂ ਰਚਨਾਵਾਂ ਜਿੱਥੇ ਗੁਰਮਤਿ ਆਸ਼ੇ ਅਨੁਸਾਰ ਮਾਨਵਤਾ ਦੀ ਭਲਾਈ ਦਾ ਉਦੇਸ਼ ਦਿੰਦੀਆਂ ਹਨ, ਉਥੇ ਹੀ ਰਾਜਸੀ ਸ਼ਕਤੀਆਂ ਵੱਲੋਂ ਉਲਝਾਈਆਂ ਜਾ ਰਹੀਆਂ ਤੰਦਾਂ ਨੂੰ ਸੁਲਝਾਉਣ ਦਾ ਠੋਸ ਉਪਰਾਲਾ ਹਨ। ਅਜੋਕੇ ਸਮੇਂ ਵਿੱਚ ਲਾਹੌਰ ਤੇ ਦਿੱਲੀ ਦੇ ਮਸਲੇ ਹੱਲ ਹੋਣੇ ਚਾਹੀਦੇ ਹਨ। ਅਮਰ ਗਰਗ ਕਲਮਦਾਨ ਨੇ ਮਿਥਿਹਾਸ ਦੇ ਸੰਦਰਭ ਵਿੱਚ ਪੁਸਤਕ ਬਾਰੇ ਬਾਹਮੁਖੀ ਬ੍ਰਿਤਾਂਤ ਸਿਰਜਿਆ। ਡਾ. ਭਗਵੰਤ ਸਿੰਘ ਨੇ ਲੇਖਕ ਦੀ ਬੌਧਿਕ ਅਮੀਰੀ ਅਤੇ ਸੁਹਜਾਤਮਕ ਪੱਖਾਂ ਦੀ ਗੱਲ ਕਰਦੇ ਇਸਦੇ ਇਤਿਹਾਸਕ ਪਸੰਗਾਂ ਨੂੰ ਛੁਹਿਆ, ਗੁਰਨਾਮ ਸਿੰਘ ਨੇ ਜੱਬਲ ਦੀਆਂ ਕਵਿਤਾਵਾਂ ਦਾ ਬਹੁਤ ਵਧੀਆ ਗਾਇਨ ਕੀਤਾ। ਨਿਹਾਲ ਸਿੰਘ ਮਾਨ ਨੇ ਗੁਰਬਾਣੀ ਹਵਾਲੇ ਨਾਲ ਇਸਨੂੰ ਵਧੀਆ ਪੁਸਤਕ ਦਰਸਾਇਆ। ਜਗਦੀਪ ਸਿੰਘ ਨੇ ਪੁਸਤਕ ਦੀ ਬਿੰਬਾਵਲੀ, ਸ਼ੈਲੀ ਅਤੇ ਅਲੰਕ੍ਰਿਤ ਭਾਸ਼ਾ ਨੂੰ ਸਰਾਹਿਆ। ਬਲਜਿੰਦਰ ਈਲਵਾਲ ਨੇ ਕਵਿਤਾ ਦੇ ਸਮਾਜਕ ਪੱਖਾਂ ਦੀ ਕਾਵਿਮਈ ਗੱਲ ਕੀਤੀ। ਡਾ. ਰਾਜੀਵ ਪੁਰੀ ਨੇ ਇਸਦੇ ਮਾਨਵਤਵਾਦੀ ਪਸ਼ਾਰਾਂ ਨੂੰ ਪੇਸ਼ ਕੀਤਾ। ਇਸ ਅਵਸਰ ਤੇ ਸੰਦੀਪ ਸਿੰਘ, ਚਰਨਜੀਤ ਸਿੰਘ, ਮਹਿੰਦਰ ਸਿੰਘ, ਅਵਤਾਰ ਸਿੰਘ, ਹਰਪਾਲ ਸਿੰਘ ਚਰਨ ਆਦਿਕ ਅਨੇਕਾਂ ਸਾਹਿਤਕਾਰ ਹਾਜਰ ਸਨ। ਜਗਦੀਪ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਡਾ. ਭਗਵੰਤ ਸਿੰਘ ਨੇ ਸਮਾਗਮ ਬਾਰੇ ਗੱਲ ਕਰਦੇ ਹੋਏ ਭਵਿੱਖੀ ਪ੍ਰੋਗਰਾਮਾਂ ਦੀ ਜਾਣਕਾਰੀ ਦਿੱਤੀ। ਗੁਰਨਾਮ ਸਿੰਘ ਬਹੁਤ ਖ਼ੂਬਸੂਰਤੀ ਨਾਲ ਮੰਚ ਸੰਚਾਲਨਾ ਕੀਤੀ। ਇਸ ਸਮਾਗਮ ਵਿੱਚ ਜੈਤੇਗ ਸਿੰਘ ਆਨੰਤ ਦੇ ਪ੍ਰਵਾਸ ਵਿੱਚ ਪੰਜਾਬੀ ਭਾਸ਼ਾ ਲਈ ਕੀਤੇ ਜਾਂਦੇ ਉਪਰਾਲਿਆਂ ਬਾਰੇ ਵੀ ਗੰਭੀਰ ਚਰਚਾ ਕੀਤੀ।

## ਲੇਖਕਾਂ ਦੇ ਪਿੰਡ ਰਾਮਪੁਰ ਵਿਚ ਨਵੀਂ ਪਹਿਲ ਮਿੰਨੀ ਬੁੱਕ ਬੈਂਕ ਦੀ ਸਥਾਪਨਾ

ਵਰਲਡ ਪੰਜਾਬੀ ਟਾਈਮਜ਼
ਬਲਬੀਰ ਸਿੰਘ ਬੱਬੀ



ਮਾਛੀਵਾੜਾ ਸਾਹਿਬ 12 ਅਕਤੂਬਰ : ਲੁਧਿਆਣਾ ਦੀ ਤਹਿਸੀਲ ਪਾਇਲ ਦਾ ਸਰਹੰਦ ਨਹਿਰ ਦੇ ਕਿਨਾਰੇ ਸਥਿਤ ਵੱਡਾ ਪਿੰਡ ਰਾਮਪੁਰ ਨੂੰ ਲੇਖਕਾਂ ਦਾ ਪਿੰਡ ਕਿਹਾ ਜਾਂਦਾ ਹੈ। ਇਸ ਪਿੰਡ ਦੇ ਅਜਿਹੇ ਲੇਖਕਾਂ ਦੀ ਗਿਣਤੀ ਅਠਾਈ ਹੋ ਗਈ ਹੈ, ਜਿਹਨਾਂ ਦੀਆਂ ਪੁਸਤਕਾਂ ਛਪ ਚੁੱਕੀਆਂ ਹਨ। ਕਹਾਣੀਕਾਰ ਸੁਰਿੰਦਰ ਰਾਮਪੁਰੀ ਨੇ ਇਹ ਦੱਸਦਿਆਂ ਕਿਹਾ ਕਿ ਪੁਸਤਕਾਂ ਮਨੁੱਖ ਦੀਆਂ ਸਭ ਤੋਂ ਵਧੀਆ ਦੋਸਤ ਹੁੰਦੀਆਂ ਹਨ। ਇਸੇ ਲਈ ਇਸ ਪਿੰਡ ਵਿਚ ਪਹਿਲੇ ਬੁੱਕ ਬੈਂਕ ਦੀ ਸਥਾਪਨਾ ਕੀਤੀ ਗਈ ਹੈ, ਤਾਂ ਜੋ ਆਮ ਲੋਕਾਂ, ਖਾਸ ਤੌਰ ਤੇ ਨੌਜਵਾਨਾਂ ਅਤੇ ਬੱਚਿਆਂ ਨੂੰ ਪੜ੍ਹਨ ਦੀ ਪ੍ਰੇਰਨਾ ਮਿਲਦੀ ਰਹੇ। ਪ੍ਰਿੰ. ਪਰਮਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਉਹ ਵੱਖ-ਵੱਖ ਪਿੰਡਾਂ ਸ਼ਹਿਰਾਂ ਵਿਚ ਪੁਸਤਕ ਸਭਿਆਚਾਰ ਨੂੰ ਹੁਲਾਰਾ ਦੇਣ ਲਈ ਛੇ ਮਿੰਨੀ ਬੁੱਕ ਬੈਂਕ ਸਥਾਪਿਤ ਕਰ ਚੁੱਕੇ ਹਨ। ਗੁਰਚਰਨ ਸਿੰਘ ਮਾਂਗਟ ਅਤੇ ਸੁਰਿੰਦਰ ਰਾਮਪੁਰੀ, ਜੋ ਸਾਹਿਤ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹਨ, ਦੀ ਪ੍ਰੇਰਨਾ ਸਦਕਾ ਸੱਤਵਾਂ ਬੈਂਕ ਆਪਣੇ ਨਾਨਕੇ ਪਿੰਡ ਰਾਮਪੁਰ ਵਿਚ ਸਥਾਪਿਤ ਕੀਤਾ ਹੈ। ਇਸ ਸਮੇ ਪਿੰਡ ਦੇ ਨੌਜਵਾਨ ਸਰਪੰਚ ਜਸਵੰਤ ਸਿੰਘ ਨੇ ਕਿਹਾ, ਅਸੀਂ ਪਿੰਡ ਵਿਚ ਅਜਿਹੇ ਹੋਰ ਵੀ ਬੁੱਕ ਬੈਂਕ ਸਥਾਪਿਤ ਕਰਾਂਗੇ ਤਾਂ ਜੋ ਨਗਰ ਨਿਵਾਸੀ ਪੁਸਤਕਾਂ ਨਾਲ ਜੁੜ ਸਕਣ। ਇਸ ਬੈਂਕ ਵਿੱਚੋਂ ਕੋਈ ਵੀ ਪੁਸਤਕ ਲਿਜਾ ਸਕਦਾ ਹੈ ਅਤੇ ਪੜ੍ਹ ਕੇ ਵਾਪਿਸ ਰੱਖ ਸਕਦਾ ਹੈ।

ਇਸ ਸਮੇਂ ਗੁਰਚਰਨ ਸਿੰਘ ਮਾਂਗਟ, ਸੁਖਦੇਵ ਸਿੰਘ ਮਾਂਗਟ, ਅਮਰੀਕ ਸਿੰਘ ਮਾਂਗਟ, ਡਾ. ਕੁਲਦੀਪ ਸਿੰਘ ਗਿੱਲ ,ਠੇਕੇਦਾਰ ਬਲਬੀਰ ਸਿੰਘ, ਜਸਵੰਤ ਸਿੰਘ ਸਰਪੰਚ, ਪ੍ਰਿੰ. ਪਰਮਜੀਤ ਸਿੰਘ ਗਰੇਵਾਲ, ਸੁਰਿੰਦਰ ਰਾਮਪੁਰੀ, ਮਾਸਟਰ ਗੁਰਦਾਸ, ਗੁਰਮੁੱਖ ਸਿੰਘ, ਪਰਮਿੰਦਰ ਕੌਰ ਮਾਂਗਟ, ਅਮਰਜੀਤ ਕੌਰ, ਲਖਵੀਰ ਕੌਰ ਅਤੇ ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

## ਪੰਜਾਬੀ ਲਿਖਾਰੀ ਸਭਾ ਮਕਸੂਦੜਾ ਦੀ ਮਹੀਨਾਵਾਰ ਇਕੱਤਰਤਾ

ਵਰਲਡ ਪੰਜਾਬੀ ਟਾਈਮਜ਼
ਬਲਬੀਰ ਸਿੰਘ ਬੱਬੀ

ਮਾਛੀਵਾੜਾ ਸਾਹਿਬ 12 ਅਕਤੂਬਰ : ਪੰਜਾਬੀ ਲਿਖਾਰੀ ਸਭਾ, ਮਕਸੂਦੜਾ ਦੀ ਮਹੀਨਾਵਾਰ ਇਕੱਤਰਤਾ, ਪ੍ਰਧਾਨ ਬਲਿਹਾਰ ਸਿੰਘ ਗੋਬਿੰਦਗੜ੍ਹੀਆ ਦੀ ਪ੍ਰਧਾਨਗੀ ਹੇਠ, ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਵਿਖੇ ਹੋਈ। ਜਿਸ ਵਿੱਚ ਪ੍ਰਸਿੱਧ ਲੇਖਕ ਜਗਦੇਵ ਸਿੰਘ ਘੁੰਗਰਾਲੀ ਨੇ, ਪ੍ਰੋਗਰਾਮ " ਮੇਰੀ ਗੱਲ " ਤਹਿਤ ਅਪਣੇ ਜੀਵਨ ਅਤੇ ਸਮੁੱਚੀ ਲਿਖ਼ਤ ਵਾਰੇ ਦੱਸਦਿਆਂ, ਗੀਤ ਅਤੇ ਮਿੰਨੀ ਕਹਾਣੀ ਦੀ ਬਣਤਰ ਤੇ ਬੁਣਤਰ ਵਾਰੇ ਚਰਚਾ ਕੀਤੀ।ਸਭਾ ਦੀ ਇਕੱਤਰਤਾ ਵਿੱਚ ਪਹਿਲੀ ਵਾਰ ਪਹੁੰਚੀ ਪ੍ਰਸਿੱਧ ਲੇਖਿਕਾ ਕੁਲਦੀਪ ਕੌਰ ਚੱਠਾ ਨੇ ਸਭਾ ਦੀ ਲਾਇਬ੍ਰੇਰੀ ਲਈ ਆਪਣੀਆਂ ਦੋ ਪੁਸਤਕਾਂ ਭੇਟ ਕੀਤੀਆਂ।



ਰਚਨਾਵਾਂ ਦੇ ਦੌਰ ਵਿੱਚ ਰਾਮ ਸਿੰਘ ਭੀਖੀ ਅਤੇ ਕੁਲਦੀਪ ਕੌਰ ਚੱਠਾ ਨੇ ਗ਼ਜ਼ਲਾਂ , ਸੁਖਦੇਵ ਕੁੱਕੂ ਘਲੋਟੀ, ਜਗਦੇਵ ਮਕਸੂਦੜਾ, ਚਮਕੌਰ ਸੱਲ੍ਹਣ, ਬਲਵੰਤ ਮਾਂਗਟ, ਭੋਲੂ ਧੌਲਮਾਜਰਾ, ਹਰਪ੍ਰੀਤ ਸਿੰਘ ਸਿਹੋੜਾ, ਬਿੱਕਰ ਥਾਪੜੇ ਵਾਲਾ, ਮਨਜੀਤ ਘਣਗਸ ਅਤੇ ਦਵਿੰਦਰ ਸਿੰਘ ਧੌਲਮਾਜਰਾ ਨੇ ਇੱਕ ਇੱਕ ਗੀਤ ਨਾਲ ਹਾਜ਼ਰੀ ਲਵਾਈ। ਮੰਚ ਸੰਚਾਲਨ ਗੀਤਕਾਰ ਪ੍ਰੀਤ ਸਿੰਘ ਸੰਦਲ ਨੇ ਕੀਤਾ।

ਪੜ੍ਹੀਆਂ ਰਚਨਾਵਾਂ 'ਤੇ ਸਾਰਥਿਕ ਚਰਚਾ ਹੋਈ, ਜਿਸ ਵਿੱਚ ਸੁਰਿੰਦਰ ਰਾਮਪੁਰੀ, ਗੁਰਮੀਤ ਸਿੰਘ ਗਿੱਲ, ਅਮਨਦੀਪ ਕੌਰ ਕੈੜੇ, ਅਨਵਰ ਅਲੀ, ਡਾਕਟਰ ਤੀਰਥ ਸਿੰਘ, ਹਰਜੀਤ ਵੈਦ, ਮੋਹਿਤ ਵਰਮਾ, ਮਨਵੀਰ ਸਿੰਘ ਮਕਸੂਦੜਾ ਅਤੇ ਮੁਹੰਮਦ ਇਮਰਾਨ ਨੇ ਭਾਗ ਲਿਆ। ਅਖੀਰ ਵਿੱਚ ਬਲਿਹਾਰ ਸਿੰਘ ਗੋਬਿੰਦਗੜ੍ਹੀਆ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਸਭਾ ਵੱਲੋਂ ਨਵੰਬਰ ਵਿੱਚ ਸਲਾਨਾ ਸਮਾਗਮ ਕਰਵਾਇਆ ਜਾਵੇਗਾ।

## ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ 350ਵੀਂ ਵਰੇਗੰਢ ਨੂੰ ਸਮਰਪਿਤ ਕੱਢੇ ਜਾਣ ਵਾਲੇ ਨਗਰ ਕੀਰਤਨ/ਸਮਾਗਮਾਂ ਨੂੰ ਲੈ ਕੇ ਮੰਤਰੀਆਂ ਦੇ ਸਮੂਹ ਵੱਲੋਂ ਜਿਲ੍ਹਾ ਪ੍ਰਸ਼ਾਸ਼ਨਿਕ ਅਧਿਕਾਰੀਆਂ ਨਾਲ ਅਗੇਤੇ ਪ੍ਰਬੰਧਾਂ ਲਈ ਮੀਟਿੰਗ ਆਯੋਜਿਤ

### ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਸ਼ਹਾਦਤ ਤੇ ਅਧਾਰਿਤ ਫਰੀਦਕੋਟ ਸਮੇਤ ਹਰ ਜਿਲ੍ਹੇ ਵਿੱਚ ਹੋਣਗੇ ਲਾਈਟ ਐਂਡ ਸਾਊਂਡ ਸ਼ੋਅ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ



ਫਰੀਦਕੋਟ 12 ਅਕਤੂਬਰ : ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਾਹਦਤ ਦੀ 350ਵੀਂ ਵਰੇਗੰਢ ਨੂੰ ਸਮਰਪਿਤ ਕੱਢੇ ਜਾਣ ਵਾਲੇ ਨਗਰ ਕੀਰਤਨਾਂ ਤੇ ਆਯੋਜਿਤ ਕੀਤੇ ਜਾਣ ਵਾਲੇ ਵੱਖ ਵੱਖ ਧਾਰਮਿਕ ਸਮਾਗਮਾਂ, ਨਗਰ ਕੀਰਤਨਾਂ ਲਾਈਟ ਐਂਡ ਸਾਊਂਡ ਸਾਊਂਡ ਸਬੰਧੀ ਕੀਤੇ ਜਾਣ ਵਾਲੇ ਪ੍ਰਬੰਧਾਂ ਨੂੰ ਲੈ ਕੇ ਰੀਵਿਊ ਮੀਟਿੰਗ ਡੀ.ਸੀ. ਦਫਤਰ ਦੇ ਅਸ਼ੋਕਾ ਚੱਕਰ ਮੀਟਿੰਗ ਹਾਲ ਵਿਖੇ ਆਯੋਜਿਤ ਕੀਤੀ ਗਈ ਜਿਸ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ, ਸ. ਹਰਭਜਨ ਸਿੰਘ ਈ.ਟੀ.ਓ, ਸ. ਤਰਨਪ੍ਰੀਤ ਸਿੰਘ ਸੌਂਦ, ਸ੍ਰੀ ਦੀਪਕ ਬਾਲੀ ਅਡਵਾਈਜ਼ਰ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਇਸ ਮੌਕੇ ਵਿਧਾਇਕ ਫਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ, ਵਿਧਾਇਕ ਜੈਤੋ ਸ. ਅਮੋਲਕ ਸਿੰਘ, ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ, ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ, ਐਸ.ਐਸ.ਪੀ. ਡਾ. ਪ੍ਰੱਗਿਆ ਜੈਨ, ਸ੍ਰੀ ਸੰਜੀਵ ਤਿਵਾੜੀ ਡਾਇਰੈਕਟਰ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਸ਼ਹੀਦੀ ਸਮਾਗਮਾਂ ਸਬੰਧੀ ਜਾਣਕਾਰੀ ਦਿੰਦਿਆ ਸ. ਹਰਜੋਤ ਸਿੰਘ ਸਿੱਖਿਆ, ਉਚੇਰੀ ਸਿੱਖਿਆ ਤੇ ਭਾਸ਼ਾ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ, ਪੰਜਾਬ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ 350ਵੀਂ ਵਰੇਗੰਢ ਨੂੰ ਪੰਜਾਬ ਸਰਕਾਰ ਵੱਲੋਂ ਰਾਜ ਪੱਧਰ ਤੇ ਮਨਾਇਆ ਜਾ ਰਿਹਾ ਹੈ। ਜਿਸ ਸਬੰਧ ਵਿੱਚ ਵੱਖ ਵੱਖ ਸਥਾਨਾਂ ਤੋਂ ਨਗਰ ਕੀਰਤਨ ਕੱਢੇ ਜਾਣੇ ਹਨ। ਇਹ ਸਮਾਗਮ ਸ਼ਹੀਦ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਆਦਿ ਸ਼ਹੀਦਾਂ ਨੂੰ ਵੀ ਸਮਰਪਿਤ ਹੋਣਗੇ।

ਉਨ੍ਹਾਂ ਦੱਸਿਆ ਕਿ 18 ਨਵੰਬਰ ਨੂੰ ਗੁਰੂਦੁਆਰਾ ਛਟੀ ਪਾਤਸ਼ਾਹੀ ਸ੍ਰੀਨਗਰ ਵਿਖੇ ਸਮਾਗਮ ਹੋਵੇਗਾ ਜਿਸ ਵਿੱਚ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ, ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੂਰੇ ਦੇਸ਼ ਤੋਂ ਸੰਤ ਪੁਰਸ਼ ਸ਼ਿਰਕਤ ਕਰਨਗੇ। 19 ਨਵੰਬਰ ਨੂੰ ਗੁਰੂਦੁਆਰਾ ਛਟੀ ਪਾਤਸ਼ਾਹੀ ਸ੍ਰੀਨਗਰ ਤੋਂ ਨਗਰ ਕੀਰਤਨ ਚੱਲੇਗਾ ਜੋ ਵੱਖ ਵੱਖ ਥਾਵਾਂ ਤੋਂ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁਹੰਚੇਗਾ। ਇਸੇ ਤਰ੍ਹਾਂ ਇੱਕ ਨਗਰ ਕੀਰਤਨ ਬਾਬਾ ਫਰੀਦ ਜੀ ਦੀ ਵਰਸੋਈ ਤੇ ਪਵਿੱਤਰ ਧਰਤੀ ਫਰੀਦਕੋਟ ਸ਼ਹਿਰ ਤੋਂ ਚੱਲੇਗਾ ਜੋ ਫਿਰੋਜ਼ਪੁਰ, ਮੋਗਾ, ਜਗਰਾਓ, ਲੁਧਿਆਣਾ ਤੇ ਹੋਰ ਵੱਖ ਵੱਖ ਰਸਤਿਆਂ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁਹੰਚੇਗਾ। ਇਸੇ ਤਰ੍ਹਾਂ ਤੀਜਾ ਨਗਰ ਕੀਰਤਨ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਚੱਲੇਗਾ ਅਤੇ ਚੋਥਾ ਨਗਰ ਕੀਰਤਨ ਗੁਰਦਾਸਪੁਰ ਤੋਂ ਸ਼ੁਰੂ ਹੋ ਕੇ ਅਨੰਦਪੁਰ ਸਾਹਿਬ ਪਹੁੰਚੇਗਾ। ਉਨ੍ਹਾਂ ਕਿਹਾ ਕਿ ਚਾਰੇ ਨਗਰ ਕੀਰਤਨ ਪੰਜਾਬ ਦੇ ਜਿਆਦਾਤਰ ਹਿੱਸਿਆ ਨੂੰ ਕਵਰ ਕਰਨਗੇ।

ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਆਦਿ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਨੂੰ ਦਰਸਾਉਂਦੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਫਰੀਦਕੋਟ ਵਿਖੇ ਆਯੋਜਿਤ ਕੀਤਾ ਜਾਵੇਗਾ ਤੇ ਲਾਈਟ ਐਂਡ ਸਾਊਂਡ ਸ਼ੋਅ ਸਮਾਗਮ ਪੰਜਾਬ ਦੇ ਸਾਰੇ ਜਿਲ੍ਹਿਆਂ ਵਿੱਚ ਵੀ ਕਰਵਾਏ ਜਾਣਗੇ, ਜਿਸ ਵਿੱਚ ਹਾਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਸ਼ਿਰਕਤ ਕਰੇਗੀ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸਮਾਗਮਾਂ ਦੀਆਂ ਤਿਆਰੀਆਂ ਡਿਊਟੀ ਦੇ ਨਾਲ ਨਾਲ ਸੇਵਾ ਸ਼ਰਧਾ ਦੀ ਭਾਵਨਾ ਨਾਲ ਮੁਕੰਮਲ ਕਰਵਾਈਆਂ ਜਾਣ ਤੇ ਇਨ੍ਹਾਂ ਕੰਮਾਂ ਵਿੱਚ ਧਾਰਮਿਕ ਰਹਿਤ ਮਰਿਆਦਾ ਦਾ ਪੂਰਾ ਖਿਆਲ ਰੱਖਿਆ ਜਾਵੇ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰ ਸ. ਹਰਭਜਨ ਸਿੰਘ ਈ.ਟੀ.ਓ, ਕੈਬਨਿਟ ਮੰਤਰੀ ਸ੍ਰੀ ਤਰਨਪ੍ਰੀਤ ਸਿੰਘ ਸੌਂਦ, ਸ੍ਰੀ ਦੀਪਕ ਬਾਲੀ ਐਡਵਾਈਰ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਲਾਸਾਨੀ ਹੈ ਜਿਸ ਦੀ ਮਿਸਾਲ ਦੁਨੀਆਂ ਵਿੱਚ ਨਹੀਂ ਮਿਲਦੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਆਪ ਤਾਂ ਸ਼ਹਾਦਤ ਦੇ ਕੇ ਸਰਬ ਸਾਂਝੀਵਾਲਤਾ ਤੇ ਮਨੁੱਖੀ ਅਧਿਕਾਰਾਂ ਨੂੰ ਕਾਇਮ ਰੱਖਿਆ, ਉੱਥੇ ਹੀ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ, ਧਰਮਪਤਨੀ ਮਾਤਾ ਗੁੱਜਰ ਕੌਰ, ਪੋਤੇ ਚਾਰੇ ਸਾਹਿਬਜਾਦੇ ਵੀ ਦੇਸ਼ ਤੇ ਕੌਮ ਲਈ ਕੁਰਬਾਨ ਕੀਤੇ, ਜਿੰਨਾ ਨੂੰ ਯਾਦ ਰੱਖਣਾ ਤੇ ਆਉਣ ਵਾਲੀ ਪੀੜ੍ਹੀ ਨੂੰ ਯਾਦ ਕਰਵਾਉਣਾ ਸਾਡਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਪ੍ਰਦੇਸ਼ ਪੱਧਰ ਤੇ ਮਨਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵੀ ਅਪੀਲ ਹੈ ਕਿ ਧਰਮ ਤੇ ਜਾਤੀ ਨੂੰ ਪਿੱਛੇ ਛੱਡਦੇ ਹੋਏ ਗੁਰੂ ਸਾਹਿਬਾਨ ਜੀ ਦੀ ਸ਼ਹਾਦਤ ਨੂੰ ਸਮਰਪਿਤ ਨਗਰ ਕੀਰਤਨ/ਸਮਾਗਮਾਂ ਵਿੱਚ ਸ਼ਾਮਲ ਹੋ ਕੇ ਆਸ਼ੀਰਵਾਦ ਪ੍ਰਾਪਤ ਕਰੋ।

ਇਸ ਤੋਂ ਪਹਿਲਾ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ, ਹਰਭਜਨ ਸਿੰਘ ਈ.ਟੀ.ਓ ਨੂੰ ਫਰੀਦਕੋਟ ਪਹੁੰਚਣ ਤੇ ਪੁਲਿਸ ਦੀ ਟੁੱਕੜੀ ਵੱਲੋਂ ਗਾਰਡ ਆਫ ਆਨਰ ਵੀ ਦਿੱਤਾ ਗਿਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਸਮੂਹ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਸ਼ਹੀਦੀ ਸਮਾਗਮਾਂ ਦਾ ਹਿੱਸਾ ਬਣਕੇ ਇਸ ਨੂੰ ਸ਼ਰਧਾ ਨਾਲ ਮਨਾਉਣ ਤਾਂ ਜੋ ਇਨ੍ਹਾਂ ਲਾਸਾਨੀ ਕੁਰਬਾਨੀਆਂ ਨੂੰ ਦੇਸ਼ ਦੁਨੀਆਂ ਦੇ ਲੋਕਾਂ ਤੇ ਨੋਜਵਾਨ ਪੀੜ੍ਹੀ ਤੱਕ ਪਹੁੰਚਾਇਆ ਜਾ ਸਕੇ।

ਇਸ ਮੌਕੇ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਸਮੂਹ ਮੰਤਰੀ ਸਹਿਬਾਨਾਂ/ਅਧਿਕਾਰੀਆਂ ਦਾ ਫਰੀਦਕੋਟ ਵਿਖੇ ਪਹੁੰਚਣ ਤੇ ਧੰਨਵਾਦ ਕੀਤਾ ਤੇ ਕਿਹਾ ਕਿ ਫਰੀਦਕੋਟ ਵਾਸੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਸਮਾਗਮਾਂ ਨੂੰ ਸਮਰਪਿਤ ਨਗਰ ਕੀਰਤਨ ਫਰੀਦਕੋਟ ਤੋਂ ਸ਼ੁਰੂ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜੇਗਾ ਤੇ ਫਰੀਦਕੋਟ ਵਿਖੇ ਸੰਗਤਾਂ ਲਈ ਲਾਈਟ ਐਂਡ ਸਾਊਂਡ ਸ਼ੋਅ ਦਾ ਆਯੋਜਨ ਵੀ ਹੋਵੇਗਾ।

ਇਸ ਮੌਕੇ ਜੀ.ਏ. ਸ. ਗੁਰਕਿਰਨਦੀਪ ਸਿੰਘ, ਗੁਰਤੇਜ ਸਿੰਘ ਖੋਸਾ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ, ਸ. ਗਗਨਦੀਪ ਸਿੰਘ ਧਾਲੀਵਾਲ ਚੇਅਰਮੈਨ ਇੰਮਪੂਰਵਮੈਂਟ ਟਰੱਸਟ ਫਰੀਦਕੋਟ, ਸੁਖਜੀਤ ਸਿੰਘ ਢਿੱਲਵਾਂ, ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕਿਟ ਕਮੇਟੀ ਫਰੀਦਕੋਟ, ਸ. ਰਮਨਦੀਪ ਸਿੰਘ ਮੁਮਾਰਾ ਚੇਅਰਮੈਨ ਮਾਰਕਿਟ ਕਮੇਟੀ ਸਾਦਿਕ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਡੱਬ ਖ਼ੜੱਬੀ ਮਾਣੋ ਬਿੱਲੀ



ਡੱਬ ਖ਼ੜੱਬੀ ਮਾਣੋਂ ਸਾਡੀ,
ਮਾਊਂ ਮਾਊਂ ਕਰਦੀ ਰਹਿੰਦੀ ਹੈ।

ਆਢ ਗੁਆਂਢੋਂ ਬੱਚੇ ਆਉਂਦੇ,
ਕਿਸੇ ਨੂੰ ਕੁੱਝ ਨਾ ਕਹਿੰਦੀ ਹੈ।

ਮੰਮੀ ਮੇਰੀ ਜਦ ਧਾਰਾਂ ਕੱਢਦੀ,
ਕੋਲ਼ੇ ਹੋ ਉਹ ਬਹਿ ਜਾਂਦੀ।

ਆਉਂਦਾ ਵੇਖ ਕੇ ਕੁੱਤਾ ਦੂਰੋਂ,
ਅੰਦਰ ਵੜ ਕੇ ਸਹਿ ਜਾਂਦੀ।

ਪੂਛ ਹਿਲਾਉਂਦੀ ਪੈਰੀਂ ਵੱਜਦੀ,
ਅੱਗੇ ਪਿੱਛੇ ਫ਼ਿਰਦੀ ਹੈ।

ਸਾਥੋਂ ਉਹ ਭੋਰਾ ਨਾ ਡਰਦੀ,
ਸਿਆਣ੍ਹੀ ਹੋਈ ਚਿਰ ਦੀ ਹੈ।

ਸਾਰਾ ਦਿਨ ਉਹ ਸੁੱਤੀ ਰਹਿੰਦੀ,
ਖੜਕੇ ਤੋਂ ਉੱਠ ਖੜ੍ਹਦੀ ਹੈ।

ਮੂੰਹ ਸਵਾਰ ਉਬਾਸੀਆਂ ਲੈਂਦੀ,
ਚੂਹੇ ਨੂੰ ਝੱਟ ਫੜਦੀ ਹੈ।

ਨਿੰਮ ਉੱਤੇ ਚੜ੍ਹਕੇ ਬਹਿ ਜਾਏ,
ਚਿੜੀਆਂ ਨੂੰ ਵੀ ਖਾ ਜਾਂਦੀ।

ਲੱਕੀ ਕਹਿਕੇ 'ਵਾਜ਼ ਮਾਰੀਏ,
ਝੱਟ ਥੱਲੇ ਉਹ ਆ ਜਾਂਦੀ।

'ਪੱਤੋ' ਜਦ ਸਕੂਲੋਂ ਆਵੇ,
ਬਹੁਤ ਲਾਡੀਆਂ ਕਰਦੀ ਹੈ।

ਮਾਣੋਂ ਬਿੱਲੀ ਬਹੁਤ ਸਿਆਣੀ,
ਲੱਤਾਂ ਵਿੱਚ ਆ ਵੜਦੀ ਹੈ।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

## ਝੂਠ ਦੀ ਮੰਡੀ

ਝੂਠ ਦੀ ਸਜੀ ਮੰਡੀ ਸੱਚ ਦੀਆਂ ਬੰਦ ਦੁਕਾਨਾਂ
ਗੈਰਤੋਂ ਸੱਖਣੇ ਮਰਦ ਤੇ ਲੋਕ ਲੱਜ ਰਹਿਤ ਰਕਾਨਾਂ

ਕਲਯੁੱਗ ਜੋਬਨ ਸਦਕਾ ਬੁੱਕਦਾ ਅਸਮਾਨੀ ਥੁੱਕਦਾ
ਨੈਤਿਕਤਾ ਟੰਗ ਛਿੱਕੇ ਫਰੇਬ ਦਾ ਘੋੜਾ ਨਾ ਰੁੱਕਦਾ।।

ਫਿਜ਼ਾ ਵਿੱਚ ਜ਼ਹਿਰਾਂ ਘੁਲੀਆਂ ਦਮ ਹੁਣ ਘੁੱਟਦਾ
ਸੱਚਿਆਂ ਦੀ ਮਰੀ ਅਣਖ ਪੈਰ ਨਾ ਹੁਣ ਪੰਧ ਤੇ ਪੁੱਟਦਾ।

ਰੱਬ ਨੂੰ ਮਨਾਉਣ ਲਈ ਕਈ ਚੋਜ ਤੇ ਚੱਲੀਆਂ ਰੀਤਾਂ
ਕਿੱਸੇ ਇਸ਼ਕ ਵਿੱਚ ਕਿਤਾਬਾਂ ਮੋਹ ਨਾ ਰਹਿਆ ਵਿੱਚ ਪ੍ਰੀਤਾਂ।।

ਸੱਖਣੀ ਸੱਖਣੀ ਜਾਪੇ ਹੁਣ ਸਾਂਝਾ ਵਾਲੀ ਸੱਥ
ਉੱਲੂ ਬੋਲਣ ਥਾਂ ਉਸ ਤੋਂ ਜਿੱਥੇ ਔਖੇ ਲੰਘਦੇ ਸੀ ਰੱਥ।

ਵਕਤ ਦੇ ਮਾਰਿਆਂ ਨੂੰ ਜ਼ਿੰਦਗੀ ਤੋਂ ਮੌਤ ਹੁੰਦੀ ਭਲੀ
ਘੱਟੋ ਘੱਟ ਸੱਚ ਨੂੰ ਛੱਡ ਝੂਠ ਨਾਲ ਤਾਂ ਨਾ ਰਲੀ।

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

## ਤੁਸੀਂ ਖੇਤਾਂ ਦੇ ਮਾਲਕ



ਜੋ ਕਿਸਾਨ ਖੇਤਾਂ 'ਚ ਪਰਾਲੀ ਨੂੰ ਅੱਗ ਲਾਉਂਦੇ ਨੇ,
ਉਹ ਆਪਣਾ ਤੇ ਹੋਰਾਂ ਦਾ ਨੁਕਸਾਨ ਕਰਾਉਂਦੇ ਨੇ।

ਅੱਗ ਨਾਲ ਜ਼ਮੀਨ ਦੇ ਕੀਮਤੀ ਤੱਤ ਨਸ਼ਟ ਹੋ ਜਾਣ,
ਉਨ੍ਹਾਂ ਦੇ ਮਿੱਤਰ ਜੀਵ ਮਰਿਆਂ ਵਾਂਗ ਹੋ ਜਾਣ।

ਨਾਲ ਦੀਆਂ ਫਸਲਾਂ ਦਾ ਚੋਖਾ ਨੁਕਸਾਨ ਹੋ ਜਾਵੇ,
ਖੇਤਾਂ 'ਚ ਪਹਿਲਾਂ ਵਰਗੀ ਚੰਗੀ ਫਸਲ ਨਾ ਹੋਵੇ।

ਧੂੰਏਂ ਨਾਲ ਰਾਹੀਆਂ ਨੂੰ ਸਾਹ ਲੈਣਾ ਔਖਾ ਹੋ ਜਾਵੇ,
ਇਹ ਉਨ੍ਹਾਂ ਦੀਆਂ ਅੱਖਾਂ ਤੇ ਵੀ ਮਾੜਾ ਅਸਰ ਪਾਵੇ।

ਇਹ ਉੱਤੇ ਚੜ੍ਹ ਕੇ ਵਾਤਾਵਰਣ ਪ੍ਰਦੂਸ਼ਿਤ ਕਰ ਜਾਵੇ,
ਵਾਤਾਵਰਣ ਠੀਕ ਹੋਣ ਨੂੰ ਕਾਫੀ ਸਮਾਂ ਲੱਗ ਜਾਵੇ।

ਪਰਾਲੀ ਨੂੰ ਮਿੱਟੀ 'ਚ ਰਲਾਉਣ ਲਈ ਹੰਭਲਾ ਮਾਰੋ,
ਆਪਣਾ ਤੇ ਹੋਰਾਂ ਦਾ ਨੁਕਸਾਨ ਹੋਣ ਤੋਂ ਰੋਕ ਲਉ।

ਤੁਸੀਂ ਖੇਤਾਂ ਦੇ ਮਾਲਕ, ਇਹ ਤੁਹਾਡੇ ਹੀ ਰਹਿਣੇ,
ਤੁਹਾਨੂੰ ਇਹ ਚੱਜ ਨਾਲ 'ਮਾਨਾ' ਸੰਭਾਲਣੇ ਹੀ ਪੈਣੇ।

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

## ਗ਼ਜ਼ਲ

ਸੁਹਾਣੀਂ ਜ਼ਿੰਦਗਾਨੀ ਵਿਚ ਅਗਰ ਤਕਰਾਰ ਆਂਦੇ ਨੇ।
ਬਿਖਰ ਜਾਂਦੇ ਨੇ ਤਿਣਕੇ ਆਲ੍ਹਣੇਂ ਜਦ ਟੁੱਟ ਜਾਂਦੇ ਨੇ।
ਕਦੀ ਲਹਿਰਾਂ ਉਹਨੂੰ ਆਬਾਦ ਹੋਵਣ ਹੀ ਨਹੀਂ ਦਿੰਦੀਆਂ,
ਸੁਮੰਦਰ ਦੇ ਕਿਨਾਰੇ ਰੇਤ ਦੇ ਜੋ ਘਰ ਬਣਾਂਦੇ ਨੇ।
ਉਨ੍ਹੇ ਹੀ ਦੇਵਤਾ ਸੂਰਜ ਜਾਂ ਫਿਰ ਭਗਵਾਨ ਹੋਣਾਂ ਏਂ,
ਜੋ ਬੰਦੇ ਦੂਜਿਆਂ ਦੇ ਬੋਝ ਅਪਣੇ ਸਿਰ ਉਠਾਂਦੇ ਨੇ।
ਮੁਹਬੱਤ ਵਿਚ ਜੁਦਾਈ ਦਾ ਅਸਰ ਏਦਾਂ ਹੀ ਹੁੰਦਾ ਹੈ,
ਉਹੀ ਲਮਹੇਂ ਉਮਰ ਭਰ ਰੋਗ ਬਣ ਕੇ ਫਿਰ ਸਤਾਂਦੇ ਨੇ।
ਮੇਰਾ ਮਕਸਦ ਹੈ ਅਪਣੇ ਦੇਸ਼ ਨੂੰ ਸਦਭਾਵਨਾ ਦੇਣਾ,
ਗ਼ਜ਼ਲ ਮੇਰੀ ਦੇ ਹੱਕ ਇੰਨਸਾਨੀਅਤ ਦੇ ਪੁਲ ਬਣਾਂਦੇ ਨੇ।
ਸਿਰਫ਼ ਇਕ ਰੌਸ਼ਨੀ ਨੂੰ ਫੜ੍ਹਣ ਦੀ ਇਕ ਇੱਛਾ ਰੱਖੀ ਸੀ,
ਅਜੇ ਤੱਕ ਵਕਤ ਦੇ ਲਮਹਾਤ ਯਾਦਾਂ ਵਿਚ ਸਤਾਂ ਦੇ ਨੇ।
ਪਤਾ ਉਸ ਨੂੰ ਵੀਂ ਹੈ ਕਿ ਜ਼ਿੰਦਗੀ ਦੋ ਤਰਫ਼ਾ ਹੁੰਦੀ ਹੈ,
ਮਗਰ ਰਿਸ਼ਤੇ ਦੀ ਮਰਿਆਦਾ ਸਿਰਫ਼ ਸੱਜਣ ਨਿਭਾਂਦੇ ਨੇ।
ਮੇਰੀ ਮਜ਼ਬੂਰੀ ਦਾ ਫਾਇਦਾ ਉਠਾਣਾ ਉਸ ਨੂੰ ਆਉਂਦਾ ਹੈ,
ਕਦੀ ਉਹ ਰੁਸ ਵੀ ਜਾਂਦੇ ਨੇ ਕਦੀ ਉਹ ਮਨ ਵੀ ਜਾਂਦੇ ਨੇ।
ਮੇਰਾ ਬਹਿਰੂਪੀਏ ਦਾ ਭੇਸ਼ ਕੋਈ ਮਾਅਨੇਂ ਨਹੀਂ ਰਖਦਾ,
ਨਜ਼ਰ ਦੇ ਤੇਜ਼ ਨੇ ਏਨੇ ਮੈਨੂੰ ਪਹਿਚਾਣ ਜਾਂਦੇ ਨੇ।
ਮੈਂ ਆਪਣੀ ਗ਼ਜ਼ਲ ਵਿਚ ਬਾਲਮ ਉਹ ਸਾਰੀ ਗੱਲ ਕਹਿੰਦਾ ਹਾਂ,
ਉਹ ਆਖਣ ਵਾਲੀ ਸਾਰੀ ਗੱਲ ਜੋ ਹੁੰਝੂਆਂ ਵਿਚ ਛੁਪਾਂਦੇ ਨੇ।

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ